# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 05-06-2024**

ਭਾਜਪਾ ਦੀ ਅਗਵਾਈ ਵਾਲੇ ਐਨ ਡੀ ਏ ਗਠਜੋੜ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ 292 ਸੀਟਾਂ ਜਿੱਤ ਕੇ ਪੂਰਨ ਬਹੁਮਤ ਹਾਸਲ ਕੀਤਾ ਏ। ਸਾਰੀਆਂ 543 ਲੋਕ ਸਭਾ ਸੀਟਾਂ ਦੇ ਨਤੀਜੇ ਐਲਾਨੇ ਜਾ ਚੁੱਕੇ ਨੇ । ਭਾਜਪਾ ਨੇ ਇਕਲਿਆਂ ਹੀ 240 ਸੀਟਾਂ ਜਿੱਤੀਆਂ ਨੇ । ਤੇਲਗੂ ਦੇਸ਼ਮ ਨੂੰ 16 , ਜਨਤਾ ਦਲ ਯੂਨਾਈਟਿਡ ਨੂੰ 12 , ਇੰਡੀ ਗਠਜੋੜ ਨੂੰ 233 ਜਦਕਿ ਹੋਰਨਾਂ ਨੂੰ 18 ਸੀਟਾਂ ਮਿਲੀਆਂ ਨੇ। ਕਾਂਗਰਸ 99 ਸੀਟਾਂ, ਸਮਾਜਵਾਦੀ ਪਾਰਟੀ 37 , ਤ੍ਰਿਣਮੂਲ ਕਾਂਗਰਸ 29 ਅਤੇ ਡੀ ਐਮ ਕੇ 22 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਏ। ਪ੍ਰਮੁੱਖ ਜੇਤੂ ਉਮੀਦਵਾਰਾਂ ਵਿੱਚ ਵਾਰਾਣਸੀ ਤੋਂ ਪ੍ਰਧਾਨ ਮੰਤਰੀ ਅਤੇ ਭਾਜਪਾ ਨੇਤਾ ਨਰੇਂਦਰ ਮੋਦੀ, ਗਾਂਧੀਨਗਰ ਤੋਂ ਕੇਂਦਰੀ ਮੰਤਰੀ ਅਮਿਤ ਸ਼ਾਹ, ਕੋਟਾ ਤੋਂ ਓਮ ਬਿਰਲਾ, ਬੀਕਾਨੇਰ ਤੋਂ ਅਰਜੁਨ ਰਾਮ ਮੇਘਵਾਲ ਅਤੇ ਜੋਧਪੁਰ ਤੋਂ ਗਜੇਂਦਰ ਸਿੰਘ

ਸ਼ੇਖਾਵਤ ਸ਼ਾਮਲ ਨੇ। ਹਾਰਨ ਵਾਲੇ ਪ੍ਰਮੁੱਖ ਉਮੀਦਵਾਰਾਂ ਵਿੱਚ ਖੁੰਟੀ ਤੋਂ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਅਰਜੁਨ ਮੁੰਡਾ, ਅਮੇਠੀ ਤੋਂ ਸਮ੍ਰਿਤੀ ਇਰਾਨੀ, ਬਾਰਾਮੂਲਾ ਤੋਂ ਨੈਸ਼ਨਲ ਕਾਨਫਰੰਸ ਆਗੂ ਉਮਰ ਅਬਦੁੱਲਾ ਅਤੇ ਅਨੰਤਨਾਗ ਸੀਟ ਤੋਂ ਪੀ ਡੀ ਪੀ ਆਗੂ ਮਹਿਬੂਬਾ ਮੁਫ਼ਤੀ ਸ਼ਾਮਲ ਨੇ।

---------------------------------------------------

ਪੰਜਾਬ ਦੇ 13 ਲੋਕਸਭਾ ਹਲਕਿਆਂ ਵਿਚੋਂ 7 ਨਤੀਜੇ ਕਾਂਗਰਸ ਪਾਰਟੀ, 3 ਆਮ ਆਦਮੀ ਪਾਰਟੀ, 1 ਸ਼੍ਰੋਮਣੀ ਅਕਾਲੀ ਦਲ ਅਤੇ 2 ਆਜ਼ਾਦ ਉਮੀਦਵਾਰਾਂ ਦੇ ਹੱਕ ਵਿਚ ਗਏ ਨੇ। ਕਾਂਗਰਸ ਪਾਰਟੀ ਦੇ ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਤੇ ਫਤਹਿਗੜ੍ਹ ਸਾਹਿਬ ਰਾਖਵੇਂ ਹਲਕੇ ਤੋਂ ਅਮਰ ਸਿੰਘ ਦੂਜੀ ਵਾਰ, ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ, ਲੁਧਿਆਣਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਰਾਖਵੇਂ ਹਲਕੇ ਤੋਂ ਚਰਨਜੀਤ ਸਿੰਘ ਚੰਨੀ, ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਅਤੇ ਪਟਿਆਲਾ ਤੋਂ ਡਾਕਟਰ ਧਰਮਵੀਰ ਗਾਂਧੀ ਚੁਣੇ ਗਏ ਨੇ। ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਯਰ,

ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਅਤੇ ਹੁਸ਼ਿਆਰਪੁਰ ਰਾਖਵੇਂ ਲੋਕਸਭਾ ਹਲਕੇ ਤੋਂ ਡਾਕਟਰ ਰਾਜ ਕੁਮਾਰ ਚੱਬੇਵਾਲ ਕਾਮਯਾਬ ਰਹੇ ਨੇ ।ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੂੰ ਚੌਥੀ ਵਾਰ ਜਿੱਤ ਹਾਸਲ ਹੋਈ ਏ। ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਅਤੇ ਖਡੂਰ ਸਾਹਿਬ ਤੋਂ ਅੰਮ੍ਰਿਤ ਪਾਲ ਸਿੰਘ ਨੇ ਜਿੱਤ ਹਾਸਲ ਕੀਤੀ ਏ। ਅਮ੍ਰਿਤਪਾਲ ਸਿੰਘ ਸੂਬੇ ਵਿਚ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕਰਨ ਵਾਲੇ ਬਣ ਗਏ ਨੇ।

---------------------------------------------------------------

ਲੋਕਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕੈਬਿਨੇਟ ਮੰਤਰੀ ਗੁਰਮੀਤ ਸਿੰਘ ਮੀਤ ਹੇਯਰ ਨੇ ਸੰਗਰੂਰ ਵਿਚ ਇਕ ਵੱਡੀ ਜਿੱਤ ਹਾਸਲ ਕੀਤੀ ਏ ਜਦਕਿ ਪਾਰਟੀ ਦੇ ਚਾਰ ਹੋਰ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਬਾਰੇ ਸੰਗਰੂਰ ਦੇ ਨਿਵਾਸੀ ਸੀਨੀਅਰ ਪਤਰਕਾਰ ਸ਼ਵਿੰਦਰ ਸਿੰਘ ਦੱਸਦੇ ਨੇ।

----------------------------------------------------

ਏਧਰ ਬੈਂਕ ਦੇ ਰਿਟਾਇਰਡ ਅਧਿਕਾਰੀ ਐਸ ਕੇ ਕਪੂਰ ਦਾ ਕਹਿਣਾ ਏ ਕਿ ਲੋਕਾਂ ਦਾ ਭਰੋਸਾ ਰਵਾਇਤੀ ਪਾਰਟੀਆਂ ਤੋਂ ਖ਼ਤਮ ਹੁੰਦਾ ਜਾ ਰਿਹਾ ਏ।

----------------------------------------------------

ਅੱਜ ਵਿਸ਼ਵ ਵਾਤਾਵਰਣ ਦਿਵਸ ਏ । ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਦੇ ਬੁੱਧ ਜੈਅੰਤੀ ਪਾਰਕ ਵਿਖੇ ਬੂਟਾ ਲਗਾ ਕੇ 'ਮਾਂ ਦੇ ਨਾਂ 'ਤੇ ਇਕ ਰੁੱਖ' ਮੁਹਿੰਮ ਦੀ ਸ਼ੁਰੂਆਤ ਕੀਤੀ । ਇਸ ਮੁਹਿੰਮ ਦਾ ਉਦੇਸ਼ ਦੇਸ਼ ਭਰ ਵਿੱਚ ਕਰੋੜਾਂ ਰੁੱਖ ਲਗਾਉਣ ਲਈ ਇੱਕ ਵਿਲੱਖਣ ਲੋਕ ਲਹਿਰ ਪੈਦਾ ਕਰਨਾ ਏ । ਉਨ੍ਹਾਂ ਨਾਲ ਕੇਂਦਰੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਅਤੇ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਵੀ ਮੌਜੂਦ ਰਹੇ ।

----------------------------------------------------

ਇਸ ਦੌਰਾਨ ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ ਤੇ ਸ਼੍ਰੀ ਮੁਕਤਸਰ ਸਾਹਿਬ ਸਮੇਤ ਮਾਲਵੇ ਦੇ ਕਈ ਇਲਾਕਿਆਂ ਵਿੱਚ ਖੇਤੀ ਵਿਰਾਸਤ

ਮਿਸ਼ਨ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਵਾਤਾਵਰਨ ਸੰਭਾਲ ਹਿੱਤ ਸਮੂਹਿਕ ਅਰਦਾਸ ਕੀਤੀ ਗਈ। ਗੁਰੂ ਘਰਾਂ ਵਿੱਚ ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤ ਦੇ ਮਹੱਤ ਦੇ ਰੂਹਾਨੀ ਵਾਕ ਨੂੰ ਆਪਣੇ ਜੀਵਨ ਵਿੱਚ ਉਤਾਰਨ ਅਤੇ ਵਾਤਾਵਰਨ ਦੀ ਸੰਭਾਲ ਹਿੱਤ ਸਮਰੱਥਾ ਬਖਸ਼ਣ ਲਈ ਅਰਦਾਸ ਕੀਤੀ ਗਈ। ਇਸ ਸਮਾਗਮ ਵਿੱਚ ਸਾਰਿਆਂ ਨੂੰ ਸੱਦਾ ਦਿੱਤਾ ਗਿਆ ਤਾਂ ਜੋ ਵਾਤਾਵਰਣ ਦੇ ਖਤਰੇ ਨੂੰ ਰੋਕਿਆ ਜਾ ਸਕੇ ਅਤੇ ਇਸ ਸਬੰਧੀ ਕੋਸ਼ਿਸ਼ਾਂ ਕੀਤੀਆਂ ਜਾ ਸਕਣ। ਆਮ ਲੋਕਾਂ ਨੇ ਕਿਹਾ ਕਿ ਅੱਜ ਕਈ ਸ਼ਹਿਰਾਂ ਦਾ ਤਾਪਮਾਨ ਰਿਕਾਰਡ ਤੋੜ ਚੁੱਕਾ ਏ ਅਤੇ ਦਿਹਾੜੀਦਾਰ ਮਜ਼ਦੂਰੀ, ਕਿਸਾਨੀ ਅਤੇ ਮਿਹਨਤਕਸ਼ ਲੋਕਾਂ ਨੂੰ ਇਸ ਨਾਲ ਜੂਝਣਾ ਪੈ ਰਿਹਾ ਏ। ਖੇਤੀ ਵਿਰਾਸਤ ਮਿਸ਼ਨ ਦੇ ਨਿਰਦੇਸ਼ਕ ਉਮਿੰਦਰ ਦੱਤ ਤੇ ਭਾਰਤੀ ਕਿਸਾਨ ਸੰਘ ਦੇ ਕ੍ਰਿਸ਼ਨ ਮੁਰਾਰੀ ਨੇ ਕਿਹਾ ਕਿ ਲੋਕ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਸਮਝਣ। ਉਨਾਂ ਇਸ ਵਾਤਾਵਰਨ ਦਿਵਸ ਤੇ ਨਵੇਂ ਸੰਕਲਪ ਲੈਣ ਦੀ ਜਰੂਰਤ ਤੇ ਜ਼ੋਰ ਦਿੱਤਾ।